Office of Deputy Commissioner, Fazilka
ਦਫਤਰ ਡਿਪਟੀ ਕਮਿਸ਼ਨਰ, ਫ਼ਾਜ਼ਿਲਕਾ

No- 6188/MA/MG
19-10-2021

# ਪ੍ਰੈਸ ਨੋਟ

ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ 23548 ਆਫ 2017 ਵਿੱਚ ਕੀਤੇ ਗਏ ਹੁਕਮ ਮਿਤੀ 13.10.2017 ਦੀ ਪਾਲਨਾ ਵਿੱਚ ਦਿਵਾਲੀ ਦਾ ਤਿਉਹਾਰ ਮਿਤੀ 04.11.2021 ਨੂੰ ਰਾਤ 20:00 ਵਜੇ ਤੋਂ ਰਾਤ 22:00 ਵਜੇ ਤੱਕ ਅਤੇ ਗੁਰੂਪੁਰਬ ਦੇ ਤਿਉਹਾਰ ਨੂੰ ਸਵੇਰੇ 04:00 ਵਜੇ ਤੋਂ 05:00 ਵਜੇ ਅਤੇ ਰਾਤ 21:00 ਵਜੇ ਤੋਂ 22:00 ਵਜੇ ਤੱਕ ਅਤੇ ਨਾਲ ਹੀ ਕ੍ਰਿਸਮਿਸ ਅਤੇ ਨਵਾਂ ਸਾਲ ਦੇ ਮੌਕੇ ਤੇ 23:55 ਵਜੇ ਤੋਂ 00:30 ਵਜੇ ਤੱਕ ਹੀ ਵਜਾਏ ਜਾ ਸਕਣਗੇ। ਇਸ ਮੰਤਵ ਲਈ ਪਟਾਕਿਆਂ ਦੀ ਵਿਕਰੀ ਸਿਰਫ ਲਾਇਸੰਸ ਸ਼ੁਦਾ ਵਿਕਰੇਤਾਂ ਜਾਂ ਉਸ ਵੱਲੋਂ ਹੀ ਕੀਤੀ ਜਾ ਸਕਦੀ ਹੈ, ਜਿਸ ਨੂੰ ਦਫਤਰ ਜਿਲ੍ਹਾ ਮੈਜਿਸਟਰੇਟ, ਫਾਜਿਲਕਾ ਵੱਲੋਂ ਆਰਜੀ ਲਾਇਸੰਸ ਜਾਰੀ ਕੀਤਾ ਗਿਆ ਹੋਵੇ।

ਜਿਲ੍ਹਾ ਫਾਜਿਲਕਾ ਵਿੱਚ ਪੈਂਦੀਆਂ ਸਬ ਡਵੀਜਨਾਂ ਵਿੱਚ ਪਟਾਕਿਆਂ ਦੀ ਵਿਕਰੀ ਲਈ ਹੇਠ ਲਿਖੇ ਅਨੁਸਾਰ ਥਾਵਾਂ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ. | ਸਬ ਡਵੀਜਨ/ਨਗਰ ਪੰਚਾਇਤ ਦਾ ਨਾਮ | ਨਿਰਧਾਰਿਤ ਜਗ੍ਹਾਂ |
|---|---|---|
| 1 | ਫਾਜਿਲਕਾ | ਬਹੁਮੰਤਵੀ ਖੇਡ ਸਟੇਡੀਅਮ, ਐਮ.ਆਰ. ਕਾਲਜ ਰੋਡ ਫਾਜਿਲਕਾ |
| 2. | ਅਬੋਹਰ | ਪੁੱਡਾ ਕਲੋਨੀ ਫਜਿਲਕਾ ਰੋਡ ਅਬੋਹਰ |
| 3. | ਜਲਾਲਾਬਾਦ | ਬਹੁਮੰਤਵੀ ਖੇਡ ਸਟੇਡੀਅਮ ਜਲਾਲਾਬਾਦ |
| 4. | ਅਰਨੀਵਾਲਾ ਸੇਖਸੁਭਾਨ | ਥਾਣਾ ਅਰਨੀਵਾਲਾ ਸ਼ੇਖਸੁਭਾਨ ਦੇ ਨਾਲ ਲਗਦੀ ਪੰਚਾਇਤੀ ਜਗ੍ਹਾਂ |

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਜੀ ਦੇ ਹੁਕਮਾਂ ਦੀ ਪਾਲਣਾ ਵਿੱਚ ਆਰਜੀ ਲਾਇਸੰਸ ਪ੍ਰਾਪਤ ਕਰਨ ਲਈ ਚਾਹਵਾਨ ਬਿਨੈਕਾਰ 18 ਸਾਲ ਤੋਂ ਵੱਧ ਉਮਰ ਵਾਲੇ ਆਪਣੀਆਂ ਦਰਖਾਸਤਾਂ ਮਿਤੀ:21.10.2021 ਤੋਂ ਮਿਤੀ:25.10.2021 ਤੱਕ ਆਪਣੀਆਂ ਦਰਖਾਸਤਾਂ ਨੇੜਲੇ ਸੇਵਾ ਕੇਂਦਰਾਂ ਰਾਹੀ ਜਮ੍ਹਾਂ ਕਰਵਾ ਸਕਦੇ ਹਨ। ਇਸ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਦਰਖਾਸਤਾਂ ਨਹੀਂ ਵਿਚਾਰਿਆ ਜਾਣਗੀਆਂ। ਜਿਨ੍ਹਾਂ ਬਿਨੈਕਾਰਾਂ ਵੱਲੋਂ ਆਪਣੀਆਂ ਦਰਖਾਸਤ ਦਿੱਤੀਆਂ ਜਾਣਗੀਆਂ, ਉਨ੍ਹਾਂ ਦੇ ਆਰਜੀ ਲਾਇਸੰਸ਼ ਜਾਰੀ ਕਰਨ ਦਾ ਫੈਸਲਾਂ ਮਿਤੀ:27.10.2021 ਨੂੰ ਸਵੇਰੇ 11:00 ਵਜੇ ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ ਦੇ ਮੀਟਿੰਗ ਹਾਲ ਵਿੱਚ ਡਰਾਅ ਰਾਹੀ ਕੀਤਾ ਜਾਵੇਗਾ। ਇਸ ਡਰਾਅ ਦੇ ਸਫਲ ਬਿਨੈਕਾਰ ਨੂੰ ਹੀ ਆਰਜੀ ਲਾਇਸੰਸ ਜਾਰੀ ਕੀਤਾ ਜਾਵੇ। ਜਿਲ੍ਹਾ ਫਾਜਿਲਕਾ ਵਿੱਚ ਕੁੱਲ 67 ਆਰਜੀ ਲਾਇਸੰਸ ਜਾਰੀ ਕੀਤੇ ਜਾਣੇ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਸਬ ਡਵੀਜਨ ਦਾ ਨਾਮ | ਲਾਇਸੰਸ ਦੀ ਗੀਣਤੀ |
|---|---|---|
| 1. | ਫਾਜਿਲਕਾ | 18 |
| 2. | ਅਬੋਹਰ | 25 |
| 3. | ਜਲਾਲਾਬਾਦ | 18 |
| 4. | ਅਰਨੀਵਾਲਾ ਸ਼ੇਖਸੁਭਾਨ | 6 |
| | ਕੁੱਲ | 67 |

ਲਾਇਸੰਸ ਧਾਰਕ ਦਾ ਪਟਾਕੇ ਵੇਚਣ ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 07:30 ਵਜੇ ਹੋਵੇਗਾ। ਹੁਕਮਾਂ ਦੀ ਉਲੰਘਣਾ ਕਰਨ ਵਾਲੇ ਦੇ ਖਿਲਾਫ ਪੁਲਿਸ ਵਿਭਾਗ ਵੱਲੋਂ Guidelines Under Explosive Rules, 2008 ਤਹਿਤ ਕਾਰਵਾਈ ਕੀਤੀ ਜਾਵੇਗੀ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹਕਮਾਂ ਅਨੁਸਾਰ ਆਰਜੀ ਲਾਇਸੰਸ ਸਾਲ 2016 ਵਿੱਚ ਦਿਵਾਲੀ ਤਿਉਹਾਰ ਤੇ ਪਟਾਕੇ ਵੇਚਣ ਲਈ ਜਾਰੀ ਕੀਤੇ ਗਏ ਲਾਇਸੰਸਾਂ ਦੀ ਗਿਣਤੀ ਦਾ 20% ਹੀ ਆਰਜੀ ਲਾਇਸੰਸ ਜਾਰੀ ਕੀਤੇ ਜਾਣੇ ਹਨ।

ਜਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Tel.: +91 1638 260555, Fax: +91 1638 264666, Email: dc.fzk@punjab.gov.in